| Surname | | Other Names | |
|---|---|---|---|
| Centre Number | | Candidate Number | |
| Candidate Signature | | | |

| Leave blank |
|---|
| |

General Certificate of Secondary Education
June 2006

**PANJABI** **3681/LH**
**Listening Test**
**Higher Tier**

# H

Thursday 25 May 2006 9.00 am to 9.45 am approximately
(including reading time)

| You will need no other materials. |
|---|

Time allowed: 40 minutes approximately
+ 5 minutes reading time before the test

## Instructions

- Use blue or black ink or ball-point pen.
- Fill in the boxes at the top of this page.
- Before the tape is started, you will be allowed five minutes during which you may read through the questions. You may make notes in this time.
- **Do not open this book until you are told to do so.**

This is what you should do for each item.

- Read the instructions and questions.
- Listen carefully to the recording and read the questions again.
- Listen to the recording again, and then answer the questions.
- Your teacher will pause the tape when you hear the tone, after the second hearing of each item, to give you time to write. You may write at any time during the test.
- Answer **all** questions.
- In **Section A** answer the questions in **Panjabi**.
- In **Section B** answer the questions in **English**.
- Write neatly and put down **all** the information you are asked to give.
- Ask any questions now. **There must be no questions or interruptions during the test.**

## Information

- The maximum mark for this paper is 40.
- The marks for questions are shown in brackets.
- You must **not** use a dictionary at any time during this test.

| For Examiner's Use | | | |
|---|---|---|---|
| Page | Mark | Page | Mark |
| 2/3 | | 6/7 | |
| 4/5 | | 8 | |
| Total (Column 1) → | | | |
| Total (Column 2) → | | | |
| TOTAL | | | |
| Examiner's Initials | | | |

LEAVE MARGIN BLANK

**ਸੈਕਸ਼ਨ ਏ**

ਪ੍ਰਸ਼ਨ ਅਤੇ ਉੱਤਰ ਪੰਜਾਬੀ ਵਿੱਚ

**1** ਸੁਰਿੰਦਰ ਆਪਣੇ ਘਰ ਬਾਰੇ ਦੱਸ ਰਿਹਾ ਹੈ ।

**ਪਹਿਲਾ ਭਾਗ**

(ੳ) ਸੁਰਿੰਦਰ ਕਿਹੜੇ ਘਰ ਵਿੱਚ ਰਹਿੰਦਾ ਹੈ ?


**1**



**2**



**3**



ਠੀਕ ਉੱਤਰ ਦਾ ਨੰਬਰ ਖਾਨੇ ਵਿੱਚ ਲਿਖੋ: ☐ *(1 mark)*

(ਅ) ਉਸ ਦੇ ਘਰ ਵਿੱਚ ਕਿੰਨੇ ਸੌਣ ਵਾਲੇ ਕਮਰੇ ਹਨ ?

| 1 | 2 | 3 |
|---|---|---|
| **3** | **4** | **5** |

ਠੀਕ ਉੱਤਰ ਦਾ ਨੰਬਰ ਖਾਨੇ ਵਿੱਚ ਲਿਖੋ: ☐ *(1 mark)*

LEAVE MARGIN BLANK

**ਦੂਜਾ ਭਾਗ**

(ੲ) ਸੁਰਿੰਦਰ ਆਪਣੇ ਕਮਰੇ ਵਿੱਚ ਕੀ ਕਰਨਾ ਪਸੰਦ ਕਰਦਾ ਹੈ ?

| 1 | 2 | 3 |
|---|---|---|
| ਕਿਤਾਬਾਂ ਪੜ੍ਹਨੀਆਂ | ਟੈਲੀਵਿਯਨ ਦੇਖਣਾ | ਕੰਪਿਊਟਰ ਤੇ ਖੇਡਣਾ |

ਠੀਕ ਉੱਤਰ ਦਾ ਨੰਬਰ ਖਾਨੇ ਵਿੱਚ ਲਿਖੋ: ☐ *(1 mark)*

(ਸ) ਸੁਰਿੰਦਰ ਨੂੰ ਆਪਣੇ ਕਮਰੇ ਦੀ ਕਿਹੜੀ ਚੀਜ਼ ਪਸੰਦ ਨਹੀਂ ?

.............................................................................................................................

*(1 mark)*

**Turn over for the next question**

4

**Turn over ▸**

LEAVE MARGIN BLANK

**2** ਤੁਸੀਂ ਹਵਾਈ ਅੱਡੇ ਤੇ ਇਹ ਐਲਾਨ ਸੁਣਦੇ ਹੋ ।

ਹਵਾਈ ਜਹਾਜ਼ ਅੱਜ ਕਿਉਂ ਨਹੀਂ ਜਾਵੇਗਾ ?

| | |
|---|---|
| **1** | ਜਹਾਜ਼ ਵਿੱਚ ਖਰਾਬੀ ਪੈਦਾ ਹੋਣ ਕਰਕੇ |
| **2** | ਮੌਸਮ ਠੀਕ ਨਾ ਹੋਣ ਕਰਕੇ |
| **3** | ਜਹਾਜ਼ ਦੀ ਮੁਰੰਮਤ ਹੋਣ ਕਰਕੇ |

ਠੀਕ ਉੱਤਰ ਦਾ ਨੰਬਰ ਖਾਨੇ ਵਿੱਚ ਲਿਖੋ: ☐ *(1 mark)*

(ਅ) ਹੁਣ ਜਹਾਜ਼ ਕਦੋਂ ਜਾਵੇਗਾ ?

| **1** | **2** | **3** |
|---|---|---|
| **ਕਲ੍ਹ ਸਵੇਰ ਨੂੰ** | **ਅੱਜ ਰਾਤ ਨੂੰ** | **ਕਲ੍ਹ ਰਾਤ ਨੂੰ** |

ਠੀਕ ਉੱਤਰ ਦਾ ਨੰਬਰ ਖਾਨੇ ਵਿੱਚ ਲਿਖੋ: ☐ *(1 mark)*

(ੲ) ਮੁਸਾਫਰਾਂ ਨੂੰ ਕੀ ਕਰਨ ਨੂੰ ਕਿਹਾ ਗਿਆ ਹੈ ?

| | |
|---|---|
| **1** | ਘਰ ਜਾਣ ਲਈ |
| **2** | ਮੁਸਾਫਰਖਾਨੇ ਵਿੱਚ ਜਾਣ ਲਈ |
| **3** | ਹੋਟਲ ਜਾਣ ਲਈ ਵਾਉਚਰ ਲੈਣ ਨੂੰ |

ਠੀਕ ਉੱਤਰ ਦਾ ਨੰਬਰ ਖਾਨੇ ਵਿੱਚ ਲਿਖੋ: ☐ *(1 mark)*

(ਸ) ਮੁਸਾਫਰ ਹੋਟਲ ਕਿਵੇਂ ਜਾਣਗੇ ?

..........................................................................................................................

*(1 mark)*

LEAVE MARGIN BLANK

**3** ਤੁਸੀਂ ਇੱਕ ਟਰੈਵਲ ਏਜੰਟ ਦੇ ਦਫਤਰ ਵਿੱਚ ਇਹ ਗੱਲ-ਬਾਤ ਸੁਣਦੇ ਹੋ ।

(ੳ) ਉਸ ਨੂੰ ਕਿਹੜਾ ਟਿਕਟ ਚਾਹੀਦਾ ਹੈ ?

.............................................................................................................................

*(1 mark)*

(ਅ) ਉਹ ਕਦੋਂ ਜਾਣਾ ਚਾਹੁੰਦੀ ਹੈ ?

.............................................................................................................................

*(1 mark)*

(ੲ) ਚੰਡੀਗੜ੍ਹ ਜਾਣ ਲਈ ਉਸ ਨੂੰ ਕੀ ਕਰਨਾ ਪਵੇਗਾ ?

.............................................................................................................................

*(1 mark)*

**4** ਹਰਮੀਤ ਆਪਣੀਆਂ ਛੁੱਟੀਆਂ ਬਾਰੇ ਦੱਸ ਰਿਹਾ ਹੈ।

(ੳ) ਹਰਮੀਤ ਇੰਡੀਆ ਕਦੋਂ ਗਿਆ ਸੀ ?

.............................................................................................................................

*(1 mark)*

(ਅ) ਤਾਜ ਮਹਿਲ ਦੇ ਖਰਾਬ ਹੋਣ ਦਾ ਕੀ ਕਾਰਨ ਹੈ ?

.............................................................................................................................

*(1 mark)*

(ੲ) ਸਰਕਾਰ ਨੂੰ ਇਸ ਬਾਰੇ ਕੀ ਕਰਨਾ ਚਾਹੀਦਾ ਹੈ ?

.............................................................................................................................

*(1 mark)*

**Turn over for the next question**

| |
|---|
| **10** |

**Turn over ▸**

LEAVE MARGIN BLANK

**5** ਤੁਸੀਂ ਰੇਡੀਓ ਤੇ ਮੌਸਮ ਦਾ ਹਾਲ ਸੁਣ ਰਹੇ ਹੋ ।

ਹੇਠ ਦਿੱਤੇ ਸ਼ਹਿਰਾਂ ਵਿੱਚ ਮੌਸਮ ਕਿਸ ਤਰ੍ਹਾਂ ਦਾ ਹੋਵੇਗਾ ? ਦੋ ਗੱਲਾਂ ਲਿਖੋ

| | | |
|---|---|---|
| (ੳ) | **ਲੰਡਨ** | |
| (ਅ) | **ਬਰਮਿੰਘਮ** | |
| (ੲ) | **ਲੀਡਜ਼** | |
| (ਸ) | **ਗਲਾਸਗੋ** | |

*(8 marks)*

**6** ਤੁਸੀਂ ਗੁਰਿੰਦਰ ਨੂੰ ਫਗਵਾੜੇ ਰੇਲਵੇ ਸਟੇਸ਼ਨ ਤੇ ਗੱਲ-ਬਾਤ ਕਰਦੇ ਸੁਣਦੇ ਹੋ ।

(ੳ) ਗੁਰਿੰਦਰ ਨੇ ਕਿਹੜੇ ਟਿਕਟ ਮੰਗੇ ?

| 1 | 2 | 3 |
|---|---|---|
| **ਪਹਿਲੇ ਦਰਜੇ ਦੇ ਵਾਪਸੀ** | **ਇੱਕ ਪਾਸੇ ਜਾਣ ਲਈ** | **ਦੂਜੇ ਦਰਜੇ ਦੇ ਵਾਪਸੀ** |

ਠੀਕ ਉੱਤਰ ਦਾ ਨੰਬਰ ਖਾਨੇ ਵਿੱਚ ਲਿਖੋ: ☐ *(1 mark)*

(ਅ) ਉਹ ਕਦੋਂ ਜਾਣਾ ਚਾਹੁੰਦਾ ਹੈ ?

| 1 | 2 | 3 |
|---|---|---|
| **ਐਤਵਾਰ** | **ਬੁੱਧਵਾਰ** | **ਵੀਰਵਾਰ** |

ਠੀਕ ਉੱਤਰ ਦਾ ਨੰਬਰ ਖਾਨੇ ਵਿੱਚ ਲਿਖੋ: ☐ *(1 mark)*

LEAVE MARGIN BLANK

**7** ਤੁਹਾਡੇ ਦੋਸਤ ਗਰਮੀ ਦੀਆਂ ਛੁੱਟੀਆਂ ਵਿੱਚ ਕੰਮ ਬਾਰੇ ਦੱਸ ਰਹੇ ਹਨ ।

ਹੇਠਾਂ ਦਿੱਤੇ ਟੇਬਲ ਨੂੰ ਪੂਰਾ ਕਰੋ

| | | **ਕੰਮ ਬਾਰੇ ਦੋ ਗੱਲਾਂ** |
|---|---|---|
| **ਪਹਿਲਾ ਭਾਗ** | **ਜਗਰਾਜ** | |
| **ਦੂਜਾ ਭਾਗ** | **ਦਲਬੀਰ** | |

*(4 marks)*

**8** ਤੁਸੀਂ ਗੱਲ-ਬਾਤ ਦਾ ਇੱਕ ਹਿੱਸਾ ਸੁਣਦੇ ਹੋ ।

**ਪਹਿਲਾ ਭਾਗ:**

(ੳ) ਸੁਭਾਸ਼ ਨੇ ਬਾਜ਼ਾਰ ਤੋਂ ਕੀ ਖਰੀਦਿਆ ਅਤੇ ਕਿਉਂ ?

..........................................................................................................................

..........................................................................................................................

*(2 marks)*

**ਦੂਜਾ ਭਾਗ:**

(ਅ) ਮਨੀਸ਼ਾ ਨੂੰ ਟਾਊਨ ਤੋਂ ਕੀ ਚਾਹੀਦਾ ਹੈ ਅਤੇ ਕਿਉਂ ?

..........................................................................................................................

..........................................................................................................................

*(2 marks)*

**Turn over for the next question**

18

**Turn over ▶**

LEAVE MARGIN BLANK

## SECTION B

Questions and answers in **English**

**9** You are listening to a debate about television.

(a) Why is Sunil against television? Give **two** details.

1 ..........................................................................................................................

2 ..........................................................................................................................

*(2 marks)*

(b) What does Ramesh say about television? Give **two** details.

1 ..........................................................................................................................

2 ..........................................................................................................................

*(2 marks)*

**10** You are listening to a debate.

(a) According to the debate, what are the **three** advantages of having an educated mother?

1 ..........................................................................................................................

2 ..........................................................................................................................

3 ..........................................................................................................................

*(3 marks)*

(b) What are good citizens regarded as?

..........................................................................................................................

*(1 mark)*

**END OF QUESTIONS**

**8**

Copyright © 2006 AQA and its licensors. All rights reserved.

General Certificate of Secondary Education
June 2006

**PANJABI** **3681/LH/T**
**Listening Test Transcript**
**Higher Tier**

**FOR INVIGILATOR'S USE ONLY**

Thursday 25 May 2006 9.00 am to 9.45 am approximately (including reading time)

Time allowed: 40 minutes approximately
+ 5 minutes reading time before the test

This is what you should do for each item.

- Read the instructions and questions.
- Listen carefully to the recording and read the questions again.
- Listen to the recording again, and then answer the questions.
- Your teacher will pause the tape when you hear the tone, after the second hearing of each item, to give you time to write. You may write at any time during the test.
- Answer **all** questions.
- In **Section A** answer the questions in **Panjabi**.
- In **Section B** answer the questions in **English**.
- Write neatly and put down **all** the information you are asked to give.
- Ask any questions now. **There must be no questions or interruptions during the test.**
- **The test starts now.**

**ਸੈਕਸ਼ਨ ਏ**

**ਪ੍ਰਸ਼ਨ ਅਤੇ ਉੱਤਰ ਪੰਜਾਬੀ ਵਿੱਚ**

**1** **M1** ਪਹਿਲਾ ਭਾਗ:- ਮੈਂ ਇੱਕ ਛੋਟੇ ਜਿਹੇ ਘਰ ਵਿੱਚ ਰਹਿੰਦਾ ਹਾਂ ਜੋ ਇੱਕ ਬਹੁਤ ਹੀ ਚੰਗੇ ਇਲਾਕੇ ਵਿੱਚ ਹੈ। ਘਰ ਦੇ ਨਾਲ ਇੱਕ ਸੁੰਦਰ ਬਗੀਚਾ ਵੀ ਹੈ । ਪਹਿਲੀ ਮੰਜ਼ਲ ਉੱਤੇ ਇੱਕ ਗੁਸਲਖਾਨਾ ਅਤੇ ਤਿੰਨ ਸੌਣ ਵਾਲੇ ਕਮਰੇ ਹਨ ।

**M1** ਦੂਜਾ ਭਾਗ: - ਮੇਰੇ ਸੌਣ ਵਾਲੇ ਕਮਰੇ ਵਿੱਚ ਕਿਤਾਬਾਂ, ਟੈਲੀਵਿਯਨ ਅਤੇ ਕੰਪਿਊਟਰ ਹੈ । ਮੈਂ ਕੰਪਿਊਟਰ ਉੱਤੇ ਕੰਮ ਕਰਨਾ ਅਤੇ ਗੇਮਾਂ ਖੇਡਣੀਆਂ ਬਹੁਤ ਪਸੰਦ ਕਰਦਾ ਹਾਂ । ਆਪਣੇ ਕਮਰੇ ਵਿੱਚ ਮੈਨੂੰ ਪੁਰਾਣੀ ਅਲਮਾਰੀ ਬਿਲਕੁਲ ਚੰਗੀ ਨਹੀਂ ਲਗਦੀ ।

**2** **M2** ਬਰਿਟਿਸ਼ ਏਅਰਵੇਜ਼ ਦੀ ਫਲਾਈਟ ਨੰਬਰ 102 ਅੱਜ ਮੌਸਮ ਖਰਾਬ ਹੋਣ ਦੇ ਕਾਰਨ ਕੈਂਸਲ ਕਰ ਦਿੱਤੀ ਗਈ ਹੈ । ਹੁਣ ਇਹ ਫਲਾਈਟ ਕਲ੍ਹ ਸਵੇਰ ਨੂੰ ਜਾਵੇਗੀ । ਮੁਸਾਫਰਾਂ ਨੂੰ ਬੇਨਤੀ ਹੈ ਕਿ ਉਹ ਕਾਊਂਟਰ ਉੱਤੇ ਆ ਕੇ ਹੋਟਲ ਵਿੱਚ ਰਹਿਣ ਲਈ ਆਪਣੇ ਵਾਉਚਰ ਲੈ ਲੈਣ । ਉਹਨਾਂ ਨੂੰ ਹੋਟਲ ਲਿਜਾਣ ਲਈ ਕੋਚ ਦਾ ਪ੍ਰਬੰਧ ਵੀ ਕੀਤਾ ਗਿਆ ਹੈ ।

**3** **F2** ਗਾਹਕ: - ਮੈਂ ਆਪਣੇ ਮਾਤਾ ਪਿਤਾ ਨੂੰ ਮਿਲਣ ਚੰਡੀਗੜ੍ਹ ਜਾਣਾ ਚਾਹੁੰਦੀ ਹਾਂ । ਹਵਾਈ ਜਹਾਜ਼ ਉੱਤੇ ਜਾਣ ਲਈ ਸਸਤਾ ਵਾਪਸੀ ਟਿਕਟ ਕਿੰਨੇ ਦਾ ਮਿਲ ਸਕਦਾ ਹੈ ?

**M2** ਟਰੈਵਲ ਏਜੰਟ: - ਤੁਸੀਂ ਕਦੋਂ ਜਾਣਾ ਚਾਹੁੰਦੇ ਹੋ ?

**F2** ਗਾਹਕ: - ਗਰਮੀਆਂ ਦੀਆਂ ਛੁੱਟੀਆਂ ਵਿੱਚ ।

**M2** ਟਰੈਵਲ ਏਜੰਟ: - ਛੁੱਟੀਆਂ ਵਿੱਚ ਤਾਂ ਬਹੁਤ ਲੋਕ ਇੰਡੀਆ ਜਾਂਦੇ ਹਨ । ਟਿਕਟ ਮਿਲਣਾ ਬਹੁਤ ਮੁਸ਼ਕਲ ਹੋਵੇਗਾ ਅਤੇ ਕਿਰਾਏ ਵੀ ਕਾਫੀ ਵਧ ਜਾਂਦੇ ਹਨ ।

**F2** ਗਾਹਕ: - ਕੀ ਚੰਡੀਗੜ੍ਹ ਨੂੰ ਕੋਈ ਸਿੱਧੀ ਫਲਾਈਟ ਵੀ ਜਾਂਦੀ ਹੈ ?

**M2** ਟਰੈਵਲ ਏਜੰਟ: - ਨਹੀਂ ਜੀ, ਤੁਹਾਨੂੰ ਦਿੱਲੀ ਤੋਂ ਜਹਾਜ਼ ਬਦਲਣਾ ਪਵੇਗਾ ।

**4** **M2** ਪਿਛਲੀਆਂ ਗਰਮੀਆਂ ਦੀਆਂ ਛੁੱਟੀਆਂ ਵਿੱਚ ਜਦੋਂ ਮੈਂ ਇੰਡੀਆ ਗਿਆ ਸੀ ਤਾਂ ਮੈਂ ਤਾਜ ਮਹਿਲ ਦੇਖਣ ਆਗਰੇ ਵੀ ਗਿਆ ਸੀ । ਪਰ ਮੈਨੂੰ ਇਹ ਦੇਖ ਕੇ ਬੜਾ ਅਫਸੋਸ ਹੋਇਆ ਕਿ ਚਿੱਟੇ ਸੰਗਮਰਮਰ ਦੀ ਬਣੀ ਹੋਈ ਇਹ ਸੁੰਦਰ ਇਮਾਰਤ ਫੈਕਟਰੀਆਂ ਦੇ ਧੂੰਏਂ ਨਾਲ ਪੀਲੀ ਅਤੇ ਖਰਾਬ ਹੁੰਦੀ ਜਾ ਰਹੀ ਹੈ । ਸਰਕਾਰ ਨੂੰ ਸ਼ਹਿਰ ਵਿੱਚੋਂ ਫੈਕਟਰੀਆਂ ਬੰਦ ਕਰਵਾ ਕੇ ਬਾਹਰ ਲਗਵਾਉਣੀਆਂ ਚਾਹੀਦੀਆਂ ਹਨ ।

**5** **M1** ਹੁਣ ਤੁਸੀਂ ਮੌਸਮ ਦਾ ਹਾਲ ਸੁਣੋ:

ਲੰਡਨ ਵਿੱਚ ਮੌਸਮ ਖੁਸ਼ਕ ਰਹੇਗਾ ਅਤੇ ਬਹੁਤ ਗਰਮੀ ਹੋਵੇਗੀ ।
ਬਰਮਿੰਘਮ ਵਿੱਚ ਸਵੇਰ ਨੂੰ ਧੁੱਪ ਨਿਕਲੇਗੀ ਅਤੇ ਸ਼ਾਮ ਨੂੰ ਮੀਂਹ ਪਵੇਗਾ ।
ਲੀਡਜ਼ ਵਿੱਚ ਤੇਜ਼ ਹਵਾਵਾਂ ਚੱਲਣਗੀਆਂ ਅਤੇ ਕਾਫੀ ਠੰਡ ਹੋਵੇਗੀ ।
ਗਲਾਸਗੋ ਵਿੱਚ ਭਾਰੀ ਮੀਂਹ ਪਵੇਗਾ ਅਤੇ ਹੜ੍ਹ ਆਉਣ ਦੀ ਵੀ ਸੰਭਾਵਨਾ ਹੈ ।

**6** **M1** ਕਲੱਰਕ: - ਦੱਸੋ ਜੀ ਮੈਂ ਤੁਹਾਡੀ ਕੀ ਸੇਵਾ ਕਰ ਸਕਦਾ ਹਾਂ ?

**M2** ਗੁਰਿੰਦਰ: - ਮੈਨੂੰ ਦਿੱਲੀ ਜਾਣ ਲਈ ਪਹਿਲੇ ਦਰਜੇ ਦੇ ਦੋ ਵਾਪਸੀ ਟਿਕਟ ਚਾਹੀਦੇ ਹਨ ।

**M1** ਕਲੱਰਕ: - ਤੁਸੀਂ ਕਦੋਂ ਜਾਣਾ ਚਾਹੁੰਦੇ ਹੋ ?

**M2** ਗੁਰਿੰਦਰ: - ਮੈਂ ਵੀਰਵਾਰ ਸ਼ਾਮ ੬ ਵਜੇ ਵਾਲੀ ਰੇਲ ਗੱਡੀ ਵਿੱਚ ਜਾਣਾ ਚਾਹੁੰਦਾ ਹਾਂ ।

7 M1 <u>ਪਹਿਲਾ ਭਾਗ</u>: ਮਨਦੀਪ: – ਜਗਰਾਜ, ਤੂੰ ਛੁੱਟੀਆਂ ਵਿੱਚ ਕੀ ਕੀਤਾ ?

M2 ਜਗਰਾਜ: – ਮੈਂ ਤਾਂ ਇੱਕ ਬੇਕਰੀ ਵਿੱਚ ਕੰਮ ਕੀਤਾ ਜਿੱਥੇ ਕੇਕ, ਬਿਸਕੁੱਟ ਅਤੇ ਡਬਲਰੋਟੀ ਬਣਦੀ ਸੀ । ਪਰ ਇਹ ਬੜਾ ਮੁਸ਼ਕਲ ਅਤੇ ਥਕਾ ਦੇਣ ਵਾਲਾ ਕੰਮ ਸੀ ਕਿਉਂਕਿ ਮੈਨੂੰ ਰਾਤ ਨੂੰ ਕੰਮ ਕਰਨਾ ਪੈਂਦਾ ਸੀ।

M1 <u>ਦੂਜਾ ਭਾਗ</u> : ਮਨਦੀਪ: – ਦਲਬੀਰ ਤੂੰ ਕੀ ਕੀਤਾ ?

M2 ਦਲਬੀਰ: – ਮੈਂ ਤਾਂ ਇੱਕ ਕੱਪੜਿਆਂ ਦੀ ਦੁਕਾਨ ਵਿੱਚ ਕੰਮ ਕੀਤਾ । ਦੁਕਾਨ ਵਿੱਚ ਜਿੰਨੇ ਵੀ ਗਾਹਕ ਆਉਂਦੇ ਸਨ, ਉਹ ਬੜੇ ਹੀ ਚੰਗੇ ਅਤੇ ਮਿਲਣਸਾਰ ਹੁੰਦੇ ਸਨ ।

8 M1 <u>ਪਹਿਲਾ ਭਾਗ</u>: ਸੁਭਾਸ਼: ਕਲ੍ਹ ਨੂੰ ਮੈਂ ਬਾਜ਼ਾਰ ਜਾਣਾ ਹੈ ਕਿਉਂਕਿ ਮੈਂ ਆਪਣੇ ਲਈ ਕੁਝ ਸੂਤੀ ਕੱਪੜੇ ਖਰੀਦਣੇ ਚਾਹੁੰਦਾ ਹਾਂ । ਇਹ ਗਰਮੀ ਦੇ ਮੌਸਮ ਲਈ ਚੰਗੇ ਰਹਿੰਦੇ ਹਨ ।

M1 <u>ਦੂਜਾ ਭਾਗ</u> : ਸੁਭਾਸ਼: ਮਨੀਸ਼ਾ ਮੈਂ ਟਾਊਨ ਨੂੰ ਜਾ ਰਿਹਾ ਹਾਂ, ਤੈਨੂੰ ਕੁਝ ਚਾਹੀਦਾ ਤਾਂ ਨਹੀਂ ?

F2 ਮਨੀਸ਼ਾ: ਮਿਹਰਬਾਨੀ ਕਰਕੇ ਮੇਰੇ ਲਈ ਡਾਕ ਟਿਕਟਾਂ ਲੈ ਆਉਣੀਆਂ ਕਿਉਂਕਿ ਮੈਂ ਕੁਝ ਜ਼ਰੂਰੀ ਚਿੱਠੀਆਂ ਭੇਜਣੀਆਂ ਹਨ ।

**SECTION B**

**Questions and answers in English.**

9 M1 ਪਰੇਮ: ਸੁਨੀਲ ਜੀ, ਇਹ ਦੱਸੋ ਕਿ ਤੁਸੀਂ ਟੈਲੀਵਿਯਨ ਨੂੰ ਇੰਨਾ ਬੁਰਾ ਕਿਉਂ ਸਮਝਦੇ ਹੋ ?

M2 ਸੁਨੀਲ : ਉਹ ਇਸ ਲਈ ਕਿ ਟੈਲੀਵਿਯਨ ਉੱਤੇ ਕਈ ਵਾਰ ਬੜੇ ਹੀ ਗੰਦੇ ਅਤੇ ਗੈਰ-ਸਭਿਆਚਾਰਕ ਪ੍ਰੋਗਰਾਮ ਦਿਖਾਏ ਜਾਂਦੇ ਹਨ ਅਤੇ ਖਰਾਬ ਭਾਸ਼ਾ ਵਰਤੀ ਜਾਂਦੀ ਹੈ, ਇਸ ਕਰਕੇ ਬੱਚਿਆਂ ਦੇ ਦਿਮਾਗ ਉੱਤੇ ਬਹੁਤ ਬੁਰਾ ਅਸਰ ਪੈਂਦਾ ਹੈ ।

M1 ਪਰੇਮ: ਰਮੇਸ਼ ਜੀ, ਤੁਹਾਡੇ ਇਸ ਬਾਰੇ ਕੀ ਵਿਚਾਰ ਹਨ ?

M2 ਰਮੇਸ਼: ਮੈਂ ਤਾਂ ਇਹ ਸਮਝਦਾ ਹਾਂ ਕਿ ਟੈਲੀਵਿਯਨ ਮਨੋਰੰਜਨ ਦਾ ਇੱਕ ਬਹੁਤ ਵਧੀਆ ਸਾਧਨ ਹੈ ਜਿਸ ਉੱਤੇ ਬਹੁਤ ਸਾਰੇ ਵਿਦਿਅਕ ਅਤੇ ਹੋਰ ਜਾਣਕਾਰੀ ਭਰਪੂਰ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਹਨ । ਇਹ ਤਾਂ ਸਾਡੇ ਉੱਪਰ ਨਿਰਭਰ ਕਰਦਾ ਹੈ ਕਿ ਅਸੀਂ ਇਸ ਦੀ ਵਰਤੋਂ ਕਿਵੇਂ ਕਰਦੇ ਹਾਂ ।

10 M1 ਮਾਪਿਆਂ ਦਾ ਇਹ ਮੁੱਖ ਫਰਜ਼ ਹੈ ਕਿ ਉਹ ਆਪਣੇ ਬੱਚਿਆਂ ਦਾ ਪਾਲਣ ਪੋਸਣ ਸ਼ੁਰੂ ਤੋਂ ਹੀ ਚੰਗੀ ਤਰ੍ਹਾਂ ਕਰਨ । ਇਹ ਆਮ ਕਿਹਾ ਜਾਂਦਾ ਹੈ ਕਿ ਮਾਂ ਦੀ ਗੋਦ ਬੱਚੇ ਦੀ ਸਿੱਖਿਆ ਦਾ ਪਹਿਲਾ ਹਿੱਸਾ ਹੁੰਦੀ ਹੈ । ਮਾਂ ਦਾ ਪੜ੍ਹੀ ਲਿਖੀ ਹੋਣਾ ਅਤੀ ਜ਼ਰੂਰੀ ਹੈ, ਜਿਸ ਕਰਕੇ ਉਹ ਆਪਣੇ ਬੱਚਿਆਂ ਨੂੰ ਚੰਗੀ ਅਤੇ ਨੈਤਿਕ ਸਿੱਖਿਆ ਦੇ ਸਕਦੀ ਹੈ । ਨੇਕ ਬੱਚੇ ਵੱਡੇ ਹੋ ਕੇ ਚੰਗੇ ਸ਼ਹਿਰੀ ਬਣਦੇ ਹਨ ਜੋ ਆਪਣੇ ਦੇਸ਼ ਦਾ ਕੀਮਤੀ ਸਰਮਾਇਆ ਹੁੰਦੇ ਹਨ ਅਤੇ ਦੇਸ਼ ਦਾ ਭਵਿੱਖ ਇਹਨਾਂ ਦੇ ਹੱਥਾਂ ਵਿੱਚ ਹੁੰਦਾ ਹੈ ।

**END OF TEST**

**Blank page**

Copyright © 2006 AQA and its licensors. All rights reserved.